ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ
ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ,ਬਲਾਕ ਈ,ਛੇਵੀਂ ਮੰਜਿਲ,ਫੇਜ਼-8, ਮੋਹਾਲੀ.
ਈ-ਮੇਲ:directorscert@punjabeducation.gov.in,ਫੋਨ ਨੰਬਰ:0172-221222

2025-51213

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ)
ਸਮੂਹ ਸਕੂਲ ਮੁੱਖੀ,
ਪੰਜਾਬ।

ਮੀਮੋ ਨੰ : 225/G&C/2025 ਮਿਤੀ : 01.04.2025

ਵਿਸ਼ਾ- ਗਾਈਡੈਂਸ ਅਤੇ ਕਰੀਅਰ ਕਾਊਂਸਲਿੰਗ ਵਿਸ਼ੇ ਲਈ ਟਾਈਮ-ਟੇਬਲ ਵਿੱਚ ਇੱਕ ਪੀਰੀਅਡ Adjust ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਕੂਲਾਂ ਵਿੱਚ ਗਾਈਡੈਂਸ ਅਤੇ ਕਰੀਅਰ ਕਾਊਂਸਲਿੰਗ ਲਈ ਗਤੀਵਿਧੀਆਂ ਕਰਵਾਉਣ ਲਈ, ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਰੁਚੀਆਂ ਅਤੇ ਹੁਨਰਾਂ ਮੁਤਾਬਿਕ ਭਵਿੱਖ ਵਿੱਚ ਆਪਣਾ ਕਰੀਅਰ ਚੁਣ ਕੇ ਯੋਜਨਾਬੱਧ ਤਰੀਕੇ ਨਾਲ ਪੜ੍ਹਾਈ ਕਰਨ ਲਈ, ਕਿਸ਼ੋਰ ਅਵਸਥਾ ਵਿੱਚ ਵਿਦਿਆਰਥੀਆਂ ਨੂੰ ਭਾਵਨਾਤਮਕ ਚੁਣੌਤੀਆਂ ਦਾ ਸਾਹਮਣਾ ਕਰਨ ਲਈ, ਉਨ੍ਹਾਂ ਦੀ ਸਮੇਂ-ਸਮੇਂ ਤੇ ਗਾਈਡੈਂਸ ਅਤੇ ਕਾਊਂਸਲਿੰਗ ਬਹੁਤ ਜਰੂਰੀ ਹੈ।

3.0 ਕਈ ਵਾਰ ਵਿਦਿਆਰਥੀ ਆਪਣੀ ਮਾਨਸਿਕ ਜਾਂ ਘਰੇਲੂ ਸਮੱਸਿਆਵਾਂ ਨਾਲ ਵੀ ਜੂਝ ਰਹੇ ਹੁੰਦੇ ਹਨ ਤਾਂ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਠੀਕ ਸਮੇਂ ਤੇ ਸਮਝਣ ਅਤੇ ਸੁਲਝਾਉਣ ਲਈ ਵੀ ਉਨ੍ਹਾਂ ਦੀ ਕਾਊਂਸਲਿੰਗ ਬਹੁਤ ਜਰੂਰੀ ਹੈ।

4.0 ਵਿਦਿਆਰਥੀਆਂ ਦੀ ਹਰ ਤਰ੍ਹਾਂ ਦੀ ਕਾਊਂਸਲਿੰਗ ਲਈ Proper ਅਤੇ ਨਿਸ਼ਚਿਤ ਸਮਾਂ ਅਤੇ dedication ਦੀ ਲੋੜ ਹੈ, ਜਿਸਦੇ ਲਈ ਸਕੂਲ ਵਿੱਚ ਇਸ ਕੰਮ ਲਈ ਇੱਕ ਖਾਸ ਪੀਰਿਅਡ ਦੇਣ ਦੀ ਜਰੂਰਤ ਹੈ।

5.0 ਉਕਤ ਦੇ ਮੱਦੇਨਜ਼ਰ ਸਕੂਲਾਂ ਵਿੱਚ ਗਾਈਡੈਂਸ ਅਤੇ ਕਾਊਂਸਲਿੰਗ ਦੀ ਮਹੱਤਤਾ ਨੂੰ ਸਮਝਦੇ ਹੋਏ ਨੌਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਗਾਈਡੈਂਸ ਅਤੇ ਕਾਊਂਸਲਿੰਗ ਲਈ ਹਰ ਮਹੀਨੇ ਦੇ ਚੌਥੇ ਹਫਤੇ ਦਾ ਵੈਲਕਮ ਲਾਈਫ ਦਾ ਪੀਰੀਅਡ ਗਾਈਡੈਂਸ ਅਤੇ ਕਾਊਂਸਲਿੰਗ ਨੂੰ ਦਿੱਤਾ ਜਾਂਦਾ ਹੈ

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2025/ 1419 ਮਿਤੀ : 02/04/25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ, ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਿੱਤੀਆਂ ਗਈਆਂ ਹਦਾਇਤਾਂ ਸਬੰਧੀ ਗਾਈਡੈਂਸ ਕਾਊਸਲਿੰਗ ਦੇ ਕਰੀਅਰ ਅਧਿਆਪਕ ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ।

2/4/25

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।

6.0 ਉਕਤ ਅਨੁਸਾਰ 9ਵੀ ਤੇ 12ਵੀਂ ਹਰ ਜਮਾਤ ਵਿਚ ਗਾਈਡੈਂਸ ਐਂਡ ਕਾਊਂਸਲਿੰਗ ਦੇ ਮਹੀਨੇ ਵਿੱਚ ਇੱਕ ਪੀਰਿਅਡ ਲਗਾਇਆ ਜਾਵੇ।

7.0 ਇਹ ਪੀਰੀਅਡ ਕਰੀਅਰ ਅਧਿਆਪਕ ਵੱਲੋਂ ਹੀ ਲਗਾਇਆ ਜਾਣਾ ਯਕੀਨੀ ਬਣਾਇਆ ਜਾਵੇ।

ਅਨਿੰਦਿਤਾ ਮਿਤਰਾ
ਸਕੱਤਰ ਸਕੂਲ ਸਿੱਖਿਆ, ਪੰਜਾਬ।

ਪਿਠਅੰਕਣ ਨੰ : ਉਕਤ

ਮਿਤੀ: 01.04.2025

ਉਪਰੋਕਤ ਦਾ ਉਤਾਰਾ ਸਮੂਹ ਜਿਲ੍ਹਾ ਗਾਈਡੈਂਸ ਕਾਊਂਸਲਰ, ਪੰਜਾਬ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ
(ਗਾਈਡੈਂਸ ਅਤੇ ਕਾਊਂਸਲਿੰਗ)
ਐਸ.ਸੀ.ਈ.ਆਰ.ਟੀ., ਪੰਜਾਬ।